# ਪ੍ਰੈਸ ਨੋਟ

ਸ੍ਰੀ ਜੇ. ਇਲਨਚੇਲੀਅਨ, ਆਈ.ਪੀ.ਐਸ., ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਵਲੋਂ ਪ੍ਰੈਸ ਕਾਨਫਰੰਸ ਦੋਰਾਨ ਦੱਸਿਆ ਗਿਆ ਕਿ ਜਿਲ੍ਹਾ ਹੁਸ਼ਿਆਰਪੁਰ ਵਿੱਚ ਸਮਾਜ ਵਿਰੋਧੀ ਅਨਸਰਾਂ ਦੇ ਖਿਲਾਫ ਚਲਾਈ ਗਈ ਮੁਹਿੰਮ ਦੋਰਾਨ ਸ੍ਰੀ ਹਰਪ੍ਰੀਤ ਸਿੰਘ ਮੰਡੇਰ, ਕਪਤਾਨ ਪੁਲਿਸ ਇੰਵੈਸਟੀਗੇਸ਼ਨ, ਸ੍ਰੀ ਗੁਰਜੀਤਪਾਲ ਸਿੰਘ ਉਪ ਕਪਤਾਨ ਪੁਲਿਸ, ਇੰਵੈਸਟੀਗੇਸ਼ਨ ਹੁਸ਼ਿਆਰਪੁਰ, ਸ਼ੀ ਰਵਿੰਦਰ ਸਿੰਘ, ਉਪ ਕਪਤਾਨ ਪੁਲਿਸ, ਮੁਕੇਰੀਆਂ ਅਤੇ ਐਸ.ਆਈ ਕਮਲਜੀਤ ਸਿੰਘ ਮੁੱਖ ਅਫਸਰ ਥਾਣਾ ਸਿਟੀ ਦੁਆਰਾ ਕੀਤੀ ਗਈ ਕਾਰਵਾਈ ਦੋਰਾਨ ਮਾਨਯੋਗ ਅਦਾਲਤ ਵਿਚੋਂ ਪੇਸ਼ੀ ਤੋਂ ਬਾਅਦ ਪੁਲਿਸ ਹਿਰਾਸਤ ਵਿੱਚੋਂ ਭਗੋੜੇ ਦੋਸ਼ੀ ਉਂਕਾਰ ਸਿੰਘ ਉਰਫ ਕਾਰਾ ਪੁੱਤਰ ਜਗੀਰ ਸਿੰਘ ਵਾਸੀ ਗਾਲੜੀਆਂ ਥਾਣਾ ਮੁਕੇਰੀਆਂ ਨੂੰ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਐਸ.ਐਸ.ਪੀ., ਹੁਸ਼ਿਆਰਪੁਰ ਵੱਲੋਂ ਉਕਤ ਦੋਸ਼ੀ ਨੂੰ ਗ੍ਰਿਫਤਾਰ ਕਰਨ ਲਈ ਵਿਸ਼ੇਸ਼ ਦਿਸਾਂ ਨਿਰਦੇਸ਼ ਦਿੱਤੇ ਗਏ ਸਨ। ਉਕਤ ਦੋਸ਼ੀ ਦੇ ਪਿੰਡ ਗਾਲੜੀਆਂ ਥਾਣਾ ਮੁਕੇਰੀਆਂ ਵਿਖੇ ਛਿਪੇ ਹੋਣ ਬਾਰੇ ਖੁਫੀਆ ਇਤਲਾਹ ਮਿਲਣ ਤੇ ਐਸ.ਆਈ ਕਮਲਜੀਤ ਸਿੰਘ, ਮੁੱਖ ਅਫਸ਼ਰ ਥਾਣਾ ਸਿਟੀ ਹੁਸ਼ਿਆਰਪੁਰ ਸਮੇਤ ਪੁਲਿਸ ਕਰਮਚਾਰੀਆਂ ਵੱਲੋਂ ਰੇਡ ਕਰਕੇ ਦੋਸ਼ੀ ਉਂਕਾਰ ਸਿੰਘ ਉਰਫ ਕਾਰਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਦੋਸ਼ੀ ਉਂਕਾਰ ਸਿੰਘ ਉਰਫ ਕਾਰਾ ਮੁਕਦਮਾਂ ਨੰਬਰ 43 ਮਿਤੀ 14.08.16 ਅ:ਧ: 354 ਭ:ਦ: 10 ਪੋਕਸੋ ਐਕਟ ਥਾਣਾ ਗੜਦੀਵਾਲਾ ਜਿਲ੍ਹਾ ਹੁਸ਼ਿਆਰਪੁਰ ਵਿੱਚ ਬੰਦ ਸੀ। ਜਿਸ ਨੂੰ 07.07.17 ਨੂੰ ਪੁਲਿਸ ਲਾਈਨ ਹੁਸ਼ਿਆਰਪੁਰ ਵਲੋਂ ਤਕਸੀਮ ਗਾਰਦ ਦੁਆਰਾ ਬਾ-ਅਦਾਲਤ ਸ੍ਰੀਮਤੀ ਗੁਰਮੀਤ ਕੌਰ ਐਡੀਸ਼ਨਲ ਸ਼ੈਸ਼ਨ ਜੱਜ ਹੁਸ਼ਿਆਰਪੁਰ ਵਿੱਚ ਪੇਸ਼ ਕੀਤਾ ਸੀ ਅਤੇ ਪੇਸ਼ੀ ਤੋਂ ਬਾਅਦ ਇਹ ਦੋਸ਼ੀ ਭੀੜ ਦਾ ਫਾਇਦਾ ਲੈ ਕੇ ਪੁਲਿਸ ਨੂੰ ਚਕਮਾ ਦੇ ਕੇ ਫਰਾਰ ਹੋ ਗਿਆ ਸੀ। ਜਿਸ ਪਰ ਮੁਕਦਮਾਂ ਨੰਬਰ 86 ਮਿਤੀ 07.07.17 ਅ:ਧ: 223/224 ਭ:ਦ: ਥਾਣਾ ਸਿਟੀ ਹੁਸ਼ਿਆਰਪੁਰ ਦਰਜ ਕੀਤਾ ਗਿਆ ਸੀ।

## ਮੁਜਰਿਮ ਇਸ਼ਤਿਹਾਰੀਆਂ ਦੀ ਗ੍ਰਿਫਤਾਰੀ

ਉਪਰੋਕਤ ਤੋਂ ਇਲਾਵਾ ਐਸ.ਐਸ.ਪੀ., ਹੁਸ਼ਿਆਰਪੁਰ ਵੱਲੋਂ ਜਿਲ੍ਹਾ ਦਾ ਚਾਰਜ ਲੈਣ ਤੋਂ ਬਾਅਦ ਮਿਤੀ 01.07.17 ਤੋਂ 08.07.17 ਤੱਕ ਮੁਜਰਿਮ ਇਸ਼ਤਿਹਾਰੀਆਂ ਦੀ ਗ੍ਰਿਫਤਾਰ ਲਈ ਸਪੈਸ਼ਲ ਟੀਮਾਂ ਬਣਾਈਆਂ ਗਈਆ ਹਨ। ਇਹਨਾਂ ਟੀਮਾਂ ਵਲੋਂ ਕਾਰਵਾਈ ਕਰਦੇ ਹੋਏ ਅ:ਧ: 82/83 ਜ:ਫ: ਦੇ 13 ਮੁਜਰਿਮ ਇਸ਼ਤਿਹਾਰੀ ਅਤੇ 299 ਜ:ਫ: ਦੇ 13 ਮੁਜਰਿਮ ਇਸ਼ਤਿਹਾਰੀ ਕੁੱਲ 26 ਮੁਜਰਿਮ ਇਸ਼ਤਿਹਾਰੀ ਗ੍ਰਿਫਤਾਰ ਕੀਤੇ ਗਏ ਹਨ।

**ਐਕਸਾਈਜ ਐਕਟ ਅਧੀਨ ਦਰਜ ਮੁਕਦਮੇਂ ਤੇ ਬਰਾਮਦਗੀ:-**

ਵੱਖ ਵੱਖ ਥਾਨਿਆ ਵਿੱਚ ਐਕਸਾਈਜ ਐਕਟ ਦੇ ਕੁੱਲ 06 ਮੁਕਦਮੇਂ 07 ਵਿਅਕਤੀਆਂ ਵਿਰੁਧ ਦਰਜ ਹੋਏ ਹਨ ਅਤੇ ਉਹਨਾਂ ਪਾਸੋਂ ਹੇਠ ਲਿਖੇ ਅਨੁਸਾਰ ਬਰਾਮਦਗੀ ਹੋਈ ਹੈ:-

| ਦਰਜ ਮੁਕੱਦਮੇਂ | ਗ੍ਰਿਫਤਾਰ ਦੋਸ਼ੀ | ਬ੍ਰਾਮਦਗੀ |
|---|---|---|
| 06 | 07 | ਅੰਗਰੇਜੀ ਸ਼ਰਾਬ = 222000 ਐਮ.ਐਲ |

**ਜੂਆ/ਦੜਾ ਸੱਟਾ ਐਕਟ ਅਧੀਨ ਦਰਜ ਮੁਕਦਮੇਂ ਤੇ ਬਰਾਮਦਗੀ:-**

ਵੱਖ ਵੱਖ ਥਾਨਿਆ ਵਿੱਚ ਜੂਆ/ਦੜਾ ਸੱਟਾ ਐਕਟ ਦੇ ਕੁੱਲ 09 ਮੁਕਦਮੇਂ 21 ਵਿਅਕਤੀਆਂ ਵਿਰੁਧ ਦਰਜ ਹੋਏ ਹਨ ਅਤੇ ਉਹਨਾਂ ਪਾਸੋਂ ਹੇਠ ਲਿਖੇ ਅਨੁਸਾਰ ਬਰਾਮਦਗੀ ਹੋਈ ਹੈ:-

| ਦਰਜ ਮੁਕੱਦਮੇਂ | ਗ੍ਰਿਫਤਾਰ ਦੋਸ਼ੀ | ਬ੍ਰਾਮਦਗੀ |
|---|---|---|
| 09 | 21 | 440875/- ਰੁਪਏ |

**ਐਨ.ਡੀ.ਪੀ.ਐਸ., ਐਕਟ ਅਧੀਨ ਦਰਜ ਮੁਕਦਮੇਂ ਤੇ ਬਰਾਮਦਗੀ:-**

ਮਿਤੀ 01.07.17 ਤੋਂ 08.07.17 ਤੱਕ ਐਨ.ਡੀ.ਪੀ.ਐਸ ਐਕਟ ਅਧੀਨ 10 ਮੁਕਦਮੇਂ 10 ਵਿਅਕਤੀਆਂ ਵਿਰੁਧ ਦਰਜ ਕਰਕੇ ਉਹਨਾਂ ਪਾਸੋਂ ਹੇਠ ਲਿਖੇ ਅਨੁਸਾਰ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਹੋਈ ਹੈ।

| ਦਰਜ ਮੁਕੱਦਮੇਂ | ਗ੍ਰਿਫਤਾਰ ਦੋਸ਼ੀ | ਬ੍ਰਾਮਦਗੀ |
|---|---|---|
| 10 | 10 | ਡੋਡੇ ਚੂਰਾ ਪੋਸਤ = 24 ਕਿਲੋ 500 ਗ੍ਰਾਮ ।<br>ਨਸ਼ੀਲਾ ਪਾਊਡਰ = 231 ਗ੍ਰਾਮ ।<br>ਅਫੀਮ = 29 ਗ੍ਰਾਮ 65 ਮਿਲੀਗ੍ਰਾਮ ।<br>ਭੰਗ = 22 ਮਿਲੀਗ੍ਰਾਮ। |

ਐਸ.ਐਸ.ਪੀ., ਹੁਸ਼ਿਆਰਪੁਰ ਵੱਲੋਂ ਡਿਸਟਿਕ ਸੀਲਿੰਗ ਨਾਕਾਬੰਦੀਆਂ ਦੋਰਾਨ ਪ੍ਰਭਾਵੀ ਢੰਗ ਨਾਲ ਡਿਊਟੀਆਂ ਲਗਾਈਆਂ ਗਈਆਂ ਹਨ ਅਤੇ ਨਾਕਿਆ ਪਰ ਤਾਇਨਾਤ ਕਰਮਚਾਰੀਆਂ ਨੂੰ ਚੈਕਿੰਗ ਕਰਨ ਸਬੰਧੀ ਵਿਸ਼ੇਸ਼ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ। ਜਿਸ ਨਾਲ ਹੋਣ ਵਾਲੇ ਅਪਰਾਧਾਂ ਵਿੱਚ ਕਾਫੀ ਰੋਕਥਾਮ ਹੋਈ ਹੈ।